بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 05.02.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 05 ਫਰਵਰੀ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فاعوذ بالله من الشيطٰن الرجيم۔
بِسۡمِ اللّٰہِ الرَّحۡمٰنِ الرَّحِیۡمِ۔ اَلۡحَمۡدُ لِلّٰہِ رَبِّ الۡعٰلَمِیۡنَ۔ الرَّحۡمٰنِ الرَّحِیۡمِ۔ مٰلِکِ یَوۡمِ الدِّیۡنِ۔ اِیَّاکَ نَعۡبُدُ وَ اِیَّاکَ نَسۡتَعِیۡنُ۔ اِہۡدِنَا الصِّرَاطَ الۡمُسۡتَقِیۡمَ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَ لَا الضَّآلِّیۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦਾ ਜ਼ਿਕਰ ਚੱਲ ਰਿਹਾ ਹੈ ਆਪ ਦੀਆਂ ਜੰਗਾ ਬਾਰੇ ਵਰਨਣ ਹੋ ਰਿਹਾ ਸੀ ਇਕ ਜੰਗ ਸੀ 'ਜ਼ਾਤੁਰ ਰਿਕਾਅ' । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਨਜਦ ਵਿੱਚ ਗ਼ਤਫ਼ਾਨ ਦੇ ਕਬੀਲੇ ਬਨੂ ਸਾਅਲਬਾ ਅਤੇ ਬਨੂ ਮਹਾਰਬ ਦੇ ਟਾਕਰੇ ਲਈ ਚਾਰ ਸੌ ਅਤੇ ਇਕ ਰਿਵਾਇਤ ਅਨੁਸਾਰ ਸੱਤ ਸੌ ਸਹਬਾ ਦਾ ਜਥੱਾ ਲੈਕੇ ਕੂਚ ਕੀਤਾ । ਮਦੀਨੇ ਵਿੱਚ ਹਜ਼ਰਤ ਉਸਮਾਨ ਨੂੰ ਅਮੀਰ (ਪ੍ਰਧਾਨ) ਨਿਯੁਕਤ ਕੀਤਾ ਅਤੇ ਇਕ ਰਿਵਾਇਤ ਅਨੁਸਾਰ ਹਜ਼ਰਤ ਅਬੂ ਜ਼ਰ ਗ਼ਫ਼ੱਾਰੀ ਨੂੰ ਅਮੀਰ ਨਿਯੁਕਤ ਕੀਤਾ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨਜਦ ਵਿੱਚ ਨਖ਼ਲ ਸਥਾਨ'ਤੇ ਪਹੁੰਚੇ ਜਿਸਨੂੰ 'ਜ਼ਾਤੁਰ ਰਿਕਾਅ' ਕਹਿੰਦੇ ਹਨ । ਓਥੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮੁਕਾਬਲੇ ਲਈ ਵਡੱਾ ਲਸ਼ਕਰ ਤਿਆਰ ਸੀ । ਦੋਵੇਂ ਦਲ ਇਕ ਦੂਜੇ ਦੇ ਟਾਕਰੇ ਲਈ ਆਹਮੋ ਸਾਹਮਣੇ ਹੋਏ, ਪਰ ਫਿਰ ਵੀ ਜੰਗ ਨ ਹੋਈ ।

ਤਬੂਕ ਦੀ ਜੰਗ ਲਈ ਹਜ਼ਰਤ ਉਸਮਾਨ ਨੂੰ ਜੋ ਆਰਥਕ ਸੇਵਾ ਦਾ ਮੌਕਾ ਮਿਲਿਆ ਉਸ ਦਾ ਵਰਨਣ ਇਉਂ ਮਿਲਦਾ ਹੈ ਕਿ ਇਸ ਜੰਗ ਦੀ ਤਿਆਰੀ ਲਈ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਤਹਿਰੀਕ ਕੀਤੀ ਤਾਂ ਹਜ਼ਰਤ ਉਸਮਾਨ ਨੇ ਸ਼ਾਮ (ਸੀਰੀਆ) ਵੱਲ ਵਪਾਰ ਦੇ ਉਦੇਸ਼ ਨਾਲ ਤਿਆਰ ਕੀਤਾ ਜਾਣ ਵਾਲਾ ਆਪਣਾ ਸੌ ਊਠਾਂ ਦਾ ਜਥੱਾ ਉਹਨਾ ਦੇ ਕਜਾਵਿਆਂ ਤੇ ਪਲਾਣਾ (ਉਹ ਨਰਮ ਗੱਦੀਆਂ ਜੋ ਊਠ ਦੀ ਪਿੱਠ'ਤੇ ਬਚਾਓ ਲਈ ਪਾਈਆਂ ਜਾਂਦੀਆਂ ਹਨ) ਸਣੇ ਪੇਸ਼ ਕਰ ਦਿੱਤੇ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਫਿਰ ਤਹਿਰੀਕ ਕੀਤੀ ਤਾਂ ਇਸ ਜੰਗ ਦੀਆਂ ਲੋੜਾਂ ਨੂੰ ਸਾਹਮਣੇ ਰੱਖਦਿਆਂ ਹੋਇਆਂ ਹਜ਼ਰਤ ਉਸਮਾਨ ਨੇ ਹੋਰ ਸੌ ਊਠਾਂ ਦਾ ਕਜਾਵਰਾਂ ਤੇ ਪਲਾਣਾ ਸਣੇ ਜਥੱਾ ਤਿਆਰ ਕਰਕੇ ਪੇਸ਼ ਕਰ ਦਿਤੱਾ । ਆਪ ਜੀ ਨੇ ਫਿਰ ਤਹਿਰੀਕ ਕੀਤੀ ਤਾਂ ਤੀਜੀ ਵਾਰ ਹਜ਼ਰਤ ਉਸਮਾਨ ਨੇ ਫਿਰ ਸੌ ਹੋਰ ਊਠਾਂ ਦਾ ਉਸੇ ਪ੍ਰਕਾਰ ਕਜਾਵਰਾ ਤੇ ਪਲਾਣਾ ਨਾਲ ਤਿਆਰ ਕਰੇ ਆਪ ਦੀ ਸੇਵਾ ਵਿੱਚ ਪੇਸ਼ ਕਰ ਦਿਤੱਾ । ਇਸ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ: مَا عَلٰى عُثْمَانَ مَا عَمِلَ بَعْدَ هٰذِهٖ۔ مَا عَلٰى عُثْمَانَ مَا عَمِلَ بَعْدَ هٰذِهٖ۔ ਇਸ ਦੇ ਬਾਦ ਉਸਮਾਨ ਜੋ ਵੀ ਕਰੇ ਉਸਦੀ ਕੋਈ ਪੁੱਛ ਗਿੱਛ ਨਹੀਂ ਹੋਵੇਗੀ, ਇਸਦੇ ਬਾਦ ਉਸਮਾਨ ਜੋ ਵੀ ਕਰੇ ਉਸਦੀ ਕੋਈ ਪੁੱਚ ਗਿੱਛ ਨਹੀਂ ਹੋਵੇਗੀ । ਇਸ ਤੋਂ ਬਿਨਾ ਹਜ਼ਰਤ ਉਸਾਮਾਨ ਨੇ ਦੋ ਸੌ ਓਕੀਆ ਸੋਨਾ ਵੀ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਪੇਸ਼ ਕੀਤਾ । ਇਕ ਹੋਰ ਰਿਵਾਇਤ ਵਿੱਚ ਹੈ

ਕਿ ਹਜ਼ਰਤ ਉਸਮਾਨ ਨੇ ਹਾਜ਼ਰ ਹੋਕੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਝੋਲੀ ਵਿੱਚ ਇਕ ਹਜ਼ਾਰ ਦੀਨਾਰ ਪਾ ਦਿੱਤੇ, ਇਸ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਝੋਲੀ ਵਿੱਚ ਪਏ ਦੀਨਾਰਾਂ ਨੂੰ ਉਲਟਦੇ ਪਲਟਦੇ ਰਹੇ ਅਤੇ ਦੋ ਵਾਰ ਫ਼ਰਮਾਇਆ : مَا ضَرَّ عُثْمَانَ مَا عَمِلَ بَعْدَ الْيَوْمِ ਅੱਜ ਦੇ ਬਾਦ ਉਸਮਾਨ ਜੋ ਵੀ ਕਰੇਗਾ ਉਸਨੂੰ ਕੋਈ ਕਸ਼ਟ ਨਹੀਂ ਪਹੁੰਚੇਗਾ । ਇਕ ਰਿਵਾਇਤ ਅਨੁਸਾਰ ਹਜ਼ਰਤ ਉਸਮਾਨ ਨੇ ਇਸ ਮੌਕੇ ਦੱਸ ਹਜ਼ਾਰ ਦੀਨਾਰ ਦਿੱਤੇ ਤਾਂ ਆਂਹਰਤ ਸਲਲੱਾਹੁ ਅਲੈਹਿ ਵਸਲੱਮ ਨੇ ਉਸਮਾਨ ਲਈ ਇਹ ਦੁਆ ਕੀਤੀ ਕਿ ਹੇ ਉਸਮਾਨ ! ਰੱਬ ਤੇਰੇ ਨਾਲ ਬਖ਼ਸ਼ਿਸ਼ ਦਾ ਵਰਤਾਉ ਕਰੇ ਜੋ ਤੂੰ ਗੁਪਤ ਰੂਪ ਵਿੱਚ ਕੀਤਾ ਅਤੇ ਜੋ ਤੂੰ ਖੁੱਲੇ ਤੌਰ'ਤੇ ਕੀਤਾ ਅਤੇ ਜੋ ਜੋ ਪਰਲੈ ਤੱਕ ਹੋਣ ਵਾਲਾ ਹੈ । ਇਸ ਦੇ ਬਾਦ ਉਹ ਜੋ ਵੀ ਅਮਲ (ਕਰਮ) ਕਰੇ ਉਸ ਨੂੰ ਕੋਈ ਚਿੰਤਾ ਨਹੀਂ ਹੋਣੀ ਚਾਹੀਦੀ । ਇਕ ਰਿਵਾਇਤ ਅਨੁਸਾਰ ਆਪ ਨੇ ਇਸ ਜੰਗ ਦੀ ਤਿਆਰੀ ਲਈ ਇਕ ਹਜ਼ਾਰ ਊਠ ਅਤੇ ਸਤੱਰ ਘੋੜੇ ਪੇਸ਼ ਕੀਤੇ । ਇਕ ਰਿਵਾਇਤ ਅਨੁਸਾਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਮੌਕੇ'ਤੇ ਹਜ਼ਰਤ ਉਸਮਾਨ ਨੂੰ ਫ਼ਰਮਾਇਆ, ਹੇ ਉਸਮਾਨ ! ਰੱਬ ਤੈਨੂੰ ਉਹ ਸਭ ਕੁਝ ਬਖ਼ਸ਼ ਦੇਵੇ ਜੋ ਤੂੰ ਗੁਪਤ ਰੂਪ ਵਿੱਚ ਕੀਤਾ ਅਤੇ ਜੋ ਤੂੰ ਪ੍ਰਕਟ ਰੂਪ ਵਿੱਚ ਕੀਤਾ ਅਤੇ ਜੋ ਪਰਲੈ ਤੱਕ ਹੋਣ ਵਾਲਾ ਹੈ । ਇਸ ਅਮਲ (ਕਰਮ) ਦੇ ਬਾਦ ਇਹ ਜੋ ਵੀ ਕਰੇ ਰੱਬ ਨੂੰ ਇਸ ਦੀ ਕੋਈ ਵੀ ਪਰਵਾਹ ਨਹੀਂ। ਇਕ ਰਿਵਾਇਤ ਅਨੁਸਾਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਮੌਕੇ'ਤੇ ਹਜ਼ਰਤ ਉਸਮਾਨ ਦੇ ਹੱਕ ਵਿੱਚ ਇਹ ਦੁਆ ਕੀਤੀ ਕਿ ਹੇ ਅਲੱਾਹ ! ਤੂੰ ਉਸਮਾਨ ਤੋਂ ਰਾਜ਼ੀ ਹੋ ਜਾ ਕਿਉਂਕਿ ਮੈਂ ਉਸ ਤੋਂ ਰਾਜ਼ੀ ਹਾਂ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਇਕ ਵਾਰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਬਾਹਰ ਆਏ ਅਤੇ ਆਪ ਨੇ ਫ਼ਰਮਾਇਆ ਕਿ ਫਲਾਣੇ ਸਫ਼ਰ'ਤੇ ਸਾਡੀ ਫ਼ੌਜ ਜਾਣ ਵਾਲੀ ਹੈ ਪਰ ਮੋਮਿਨਾ ਕੋਲ ਕੋਈ ਚੀਜ਼ ਨਹੀਂ, ਕੀ ਕੋਈ ਤੁਹਾਡੇ ਵਿੱਚੋਂ ਹੈ ਜੋ ਪੁੰਨ ਪ੍ਰਾਪਤ ਕਰੇ ? ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਇਹ ਸੁਣਦਿਆਂ ਹੀ ਉੱਠੇ ਅਤੇ ਆਪਨੇ ਆਪਣੀ ਜਮਾ ਕੀਤੀ ਪੂੰਜੀ ਕੱਢੀ ਅਤੇ ਉਹ ਮੁਸਲਮਾਨਾ ਦੇ ਖ਼ਰਚੇ ਲਈ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਪੇਸ਼ ਕਰ ਦਿੱਤੀ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਜੱਦ ਇਹ ਦੇਖਿਆ ਤਾਂ ਫ਼ਰਮਾਇਆ ਉਸਮਾਨ ਨੇ ਸਵਰਗ ਖ਼ਰੀਦ ਲਿਆ । ਇਸੇ ਪ੍ਰਕਾਰ ਇਕ ਵਾਰ ਇਕ ਖੂਹ ਵਿੱਕ ਰਿਹਾ ਸੀ । ਮੁਸਲਮਾਨ ਇਹਨਾ ਦਿਨਾਂ ਵਿੱਚ ਕਿਉਂਕਿ ਪਾਣੀ ਦੇ ਬਹਤੁ ਕਸ਼ਟ ਵਿੱਚ ਸਨ, ਇਸ ਲਈ ਆਪ ਨੇ ਇਸ ਮੌਕੇ'ਤੇ ਫ਼ਰਮਾਇਆ ਕੋਈ ਹੈ ਜੋ ਪੁੰਨ੍ਹ ਪ੍ਰਾਪਤ ਕਰੇ ? ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਨੇ ਅਰਜ਼ ਕੀਤੀ ਹੇ ਰਸੂਲੁਲੱਾਹ, ਮੈਂ ਹਾਜ਼ਰ ਹਾਂ । ਸੋ, ਆਪ ਨੇ ਉਹ ਖੂਹ ਖ਼ਰੀਦਕੇ ਮੁਸਲਮਾਨਾ ਲਈ ਵਕਫ਼ (ਪ੍ਰਦਾਨ) ਕਰ ਦਿਤੱਾ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਿਰ ਫ਼ਰਮਾਇਆ ਕਿ ਉਸਮਾਨ ਨੇ ਸਵਰਗ ਖ਼ਰੀਦ ਲਿਆ । ਇਸੇ ਪ੍ਰਕਾਰ ਇਕ ਹੋਰ ਮੌਕੇ'ਤੇ ਵੀ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਬਾਰੇ ਇਹ ਸ਼ਬਦ ਕਹੇ । ਭਾਵ ਤਿੰਨ ਅਜਿਹੇ ਮੌਕੇ ਆਏ ਜਿੱਥੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਬਾਰੇ ਫ਼ਰਮਾਇਆ ਕਿ ਉਹਨਾ ਨੇ ਸਵਰਗ ਖ਼ਰੀਦ ਲਿਆ ਹੈ । ਇਕ ਵਾਰ ਆਪ ਨੇ ਫ਼ਰਮਾਇਆ, ਹੇ ਉਸਮਾਨ ! ਰੱਬ ਤੈਨੂੰ ਇਕ ਕਮੀਜ਼ ਪਹਿਨਾਏਗਾ । ਮੁਨਾਫ਼ਕ ਚਾਹੁਣਗੇ ਕਿ ਤੇਰੀ ਇਸ ਕਮੀਜ਼ ਨੂੰ ਉਤਾਰ ਦੇਣ ਪਰ ਤੂੰ ਇਸ ਕਮੀਜ਼ ਨੂੰ ਉਤਾਰੀ ਨਾ ।

ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਦੇ ਖ਼ਿਲਾਫ਼ਤ ਦੇ ਦੌਰ ਵਿੱਚ ਹਜ਼ਰਤ ਉਸਮਾਨ ਉਹਨਾ ਸਹਾਬਾ ਤੇ ਸਲਾਹਕਾਰਾਂ ਵਿੱਚੋਂ ਸਨ ਜਿੰਨ੍ਹਾ ਨਾਲ ਮਹਤੱਵਪੂਰਨ ਮਸਲਿਆਂ ਵਿੱਚ ਸਲਾਹ ਲਈ ਜਾਂਦੀ ਸੀ । ਜੱਦ ਹਜ਼ਰਤ ਅਬੂ ਬਕਰ ਨੇ ਅਰਤਦਾਦ ਦੇ ਫ਼ਿਤਨੇ ਦਾ ਮੁਕਾਬਲਾ ਕਰਕੇ ਇਸ ਨੂੰ ਖ਼ਤਮ ਕਰ ਦਿਤੱਾ ਤਾਂ ਰੋਮ ਉਪੱਰ ਚੜ੍ਹਾਈ ਕਰਨ ਅਤੇ ਵੱਖ ਵੱਖ ਦਿਸ਼ਾਵਾਂ ਵਿੱਚ ਮੁਜਾਹਿਦਾਂ ਨੂੰ ਭੇਜਣ ਦਾ ਨਿਸ਼ਚਾ ਕੀਤਾ ਅਤੇ ਇਸ ਸੰਬੰਧ ਵਿੱਚ ਲੋਕਾਂ ਤੋਂ ਮਸ਼ਵਰੇ ਮੰਗੇ ਤਾਂ ਹਜ਼ਰਤ ਉਸਮਾਨ ਨੇ ਅਰਜ਼ ਕੀਤੀ ਕਿ ਆਪ ਇਸ ਧਰਮ ਦੇ ਮੰਨ੍ਹਣ ਵਾਲਿਆਂ ਦੇ ਖ਼ੈਰਖ਼ਵਾਹ ਤੇ ਮਿਹਰਵਾਨ ਹਨ । ਸੋ, ਆਪ ਜਿਸ ਰਾਏ ਨੂੰ ਸਾਧਾਰਣ ਲੋਕਾਂ ਲਈ ਲਾਹੇਵੰਦ ਸਮਝਣ ਤਾਂ ਇਸ ਉਪੱਰ ਅਮਲ ਕਰਨ ਦਾ ਪਕੱਾ ਨਿਸ਼ਚਾ ਕਰ ਲੈਂਣ ਕਿਉਂਕਿ ਆਪ ਬਾਰੇ ਬਦਜ਼ਨੀ ਨਹੀਂ ਕੀਤੀ ਜਾ ਸਕਦੀ । ਇਸ'ਤੇ ਵੱਡੇ ਸਹਾਬਾ ਅਤੇ ਇਸ ਸਭਾ ਵਿੱਚ ਮੌਜੂਦ ਮੁਹਾਜਰਾਂ ਤੇ ਅੰਸਾਰਾਂ ਸਾਰਿਆਂ ਨੇ ਕਿਹਾ ਕਿ ਹਜ਼ਰਤ ਉਸਮਾਨ ਨੇ ਸੱਚ ਕਿਹਾ ਹੈ, ਆਪ ਜੋ ਉਚਿਤ ਸਮਝਣ ਕਰ ਗੁਜ਼ਰਣ ਅਸੀਂ ਨ ਤਾਂ ਆਪਦੀ ਵਿਰੋਧਤਾ ਕਰਾਂਗਾ ਅਤੇ ਨ

ਹੀ ਆਪ ਉਪੱਰ ਕੋਈ ਆਰੋਪ ਲਾਵਾਂਗੇ । ਹਜ਼ਰਤ ਅਬੂਬਕਰ ਨੇ ਜੱਦ ਆਪਣੇ ਸਹਾਬਾ ਨਾਲ ਸਲਾਹ ਕੀਤੀ ਕਿ ਹਜ਼ਰਤ ਆਵਾਨ ਬਿਨ ਸਈਦ ਦੇ ਬਾਦ ਕਿਸਨੂੰ ਬਹਿਰੀਨ ਦਾ ਗਵਰਨਰ ਬਣਾਕੇ ਭੇਜਿਆ ਜਾਏ ਤਾਂ ਹਜ਼ਰਤ ਉਸਮਾਨ ਬਿਨ ਅਫ਼ਾਨ ਨੇ ਅਰਜ਼ ਕੀਤੀ, ਉਸ ਵਿਕਤਅੀ ਨੂੰ ਭੇਜੋ ਜਿਸਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਬਹਿਰੀਨ ਵਾਲਿਆਂ'ਤੇ ਗਵਰਨਰ ਨਿਯੁਕਤ ਕੀ ਸੀ ਅਤੇ ਉਹ ਉਹਨਾ ਦੇ ਇਸਲਾਮ ਕੁਬੂਲ ਕਰਨ ਅਤੇ ਆਗਿਆਕਾਰੀ ਕਰਨ ਦਾ ਸਬਬ ਬਣਿਆ ਸੀ ਅਤੇ ਉਹ ਇਹਨਾ ਲੋਕਾਂ ਨਾਲ ਅਤੇ ਇਹਨਾ ਦੇ ਖੇਤਰਾਂ ਤੋਂ ਵੀ ਭਲੀਭਾਂਤ ਜਾਣੂ ਹੈ, ਉਹ ਵਿਕਅਤੀ ਇਲਾ ਬਿਨ ਹਜ਼ਰਮੀ ਹੈ । ਇਸ'ਤੇ ਹਜ਼ਰਤ ਅਬੂਬਕਰ ਨੇ ਇਲਾ ਬਿਨ ਹਜ਼ਰਮੀ ਨੂੰ ਬਹਿਰੀਨ ਭੇਜਣ ਲਈ ਸਹਿਮਤੀ ਕਰ ਲਈ ।

ਹਜ਼ਰਤ ਇਬਨੇ ਅਬੱਾਸ ਤੋਂ ਰਿਵਾਇਤ ਹੈ ਕਿ ਇਕ ਵਾਰ ਮਦੀਨੇ ਵਿੱਚ ਕਹਿਤ ਪੈ ਗਿਆ । ਇਹਨਾ ਦਿਨਾਂ ਵਿੱਚ ਹਜ਼ਰਤ ਉਸਮਾਨ ਦਾ ਸੌ ਊਠਾਂ ਦਾ ਵਪਾਰਕ ਜਥੱਾ ਕਣਕ ਜਾਂ ਖਾਣ ਦਾ ਸਮਾਨ ਲੱਦੀ ਸ਼ਾਮ ਤੋਂ ਮਦੀਨੇ ਪਹੁੰਚਿਆ । ਲੋਕ ਹਜ਼ਰਤ ਉਸਮਾਨ ਦੇ ਦਰ'ਤੇ ਪਹੁੰਚੇ ਅਤੇ ਕਿਹਾ ਕਿ ਆਪ ਇਸ ਨੂੰ ਸਾਨੂੰ ਵੇਚ ਦਿਓ ਤਾਂ ਜੋ ਅਸੀਂ ਇਸ ਨੂੰ ਗ਼ਰੀਬਾਂ ਤੇ ਮਿਸਕੀਨਾ ਨੂੰ ਵੰਡ ਦੇਈਏ । ਹਜ਼ਰਤ ਉਸਮਾਨ ਨੇ ਪੁੱਛਿਆ ਕਿ ਆਪ ਮੈਨੂੰ ਕਿੰਨ੍ਹਾ ਲਾਭ ਦਿਓਗੇ । ਉਹਨਾ ਨੇ ਕਿਹਾ ਕਿ ਅਸੀਂ ਦੱਸ ਦੇ ਬਾਰ੍ਹਾਂ ਦੇ ਦਿਆਂਗੇ । ਹਜ਼ਰਤ ਉਸਾਮਨ ਨੇ ਕਿਹਾ ਮੈਨੂੰ ਇਸ ਤੋਂ ਵੱਧ ਮਿਲ ਰਿਹਾ ਹੈ ਤਾਂ ਉਹਨਾ ਨੇ ਕਿਹਾ ਕਿ ਅਸੀਂ ਦੱਸ ਦਾ ਪੰਦਰਾਂ ਦੇ ਦਿਆਂਗੇ । ਹਜ਼ਰਤ ਉਸਮਾਨ ਨੇ ਕਿਹਾ ਮੈਨੂੰ ਇਸ ਤੋਂ ਵੀ ਵੱਧ ਮਿਲ ਰਿਹਾ ਹੈ । ਵਪਾਰੀਆਂ ਨੇ ਕਿਹਾ ਕਿ ਹੇ, ਅਬੂ ਉਮਰ ! ਮਦੀਨੇ ਵਿੱਚ ਤਾਂ ਸਾਡੇ ਤੋਂ ਬਿਨਾਂ ਹੋਰ ਕੋਈ ਵਪਾਰੀ ਨਹੀਂ ਹੈ ਤਾਂ ਕੌਣ ਆਪਨੂੰ ਇਸ ਤੋਂ ਵੱਧ ਦੇ ਰਿਹਾ ਹੈ । ਹਜ਼ਰਤ ਉਸਮਾਨ ਨੇ ਫ਼ਰਮਾਇਆ ਰੱਬ ਮੈਨੂੰ ਹਰ ਦਿਰਹਮ ਦੇ ਬਦਲੇ ਦੱਸ ਗੁਣਾ ਦੇ ਰਿਹਾ ਹੈ । ਕੀ ਆਪ ਲੋਕ ਇਸ ਤੋਂ ਵੱਧ ਦੇ ਸਕਦੇ ਹਨ । ਉਹਨਾਂ ਨੇ ਕਿਹਾ ਕਿ ਨਹੀਂ । ਇਸ'ਤੇ ਹਜ਼ਰਤ ਉਸਮਾਨ ਨੇ ਕਿਹਾ, ਮੈਂ ਰੱਬ ਨੂੰ ਗਵਾਹ ਬਣਾਕੇ ਇਸ ਗੱਲੇ (ਅਨਾਜ) ਨੂੰ ਮੁਸਲਮਾਨਾ ਦੇ ਗ਼ਰੀਬਾਂ ਤੇ ਮਿਸਕੀਨਾ ਲਈ ਦਾਨ ਕਰਦਾ ਹਾਂ । ਹਜ਼ਰਤ ਇਬਨੇ ਅਬੱਾਸ ਫ਼ਰਮਾਉਂਦੇ ਹਨ ਕਿ ਮੈਂ ਉਸ ਰਾਤ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਸੁਪਨੇ ਵਿੱਚ ਦੇਖਿਆ, ਆਪ ਇਕ ਗ਼ੈਰ ਅਰਬੀ ਘੋੜੇ'ਤੇ ਸਵਾਰ ਹਨ, ਆਪ ਉਪੱਰ ਨੂਰ ਦਾ ਬਾਣਾ ਹੈ ਅਤੇ ਆਪ ਦੇ ਪੈਰ੍ਹਾਂ ਵਿੱਚ ਨੂਰ ਦੀਆਂ ਜੁੱਤੀਆਂ ਹਨ ਅਤੇ ਹਥੱਾਂ ਵਿੱਚ ਨੂਰ ਦੀ ਛੜੀ ਹੈ ਅਤੇ ਆਪ ਛੇਤੀ ਵਿੱਚ ਹੈ । ਮੈਂ ਅਰਜ਼ ਕੀਤੀ, ਹੇ ਰਸੂਲੁਲੱਾਹ ਮੈਂ ਆਾਪਦਾ ਅਤੇ ਆਪ ਨਾਲ ਵਾਰਤਾਲਾਪ ਦਾ ਬਹੁਤ ਇਛੱੁਕ ਹਾਂ । ਆਪ ਐਨ੍ਹੀ ਛੇਤੀ ਵਿੱਚ ਕਿੱਥੇ ਜਾ ਰਹੇ ਹਨ । ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਹੇ ਇਬਨੇ ਅਬੱਾਸ, ਉਸਮਾਨ ਨੇ ਇਕ ਸਦਕਾ (ਦਾਨ) ਕੀਤਾ ਹੈ ਅਤੇ ਰੱਬ ਨੇ ਉਸਨੂੰ ਕੁਬੂਲ ਕਰ ਲਿਆ ਹੈ ਅਤੇ ਸਵਰਗ ਵਿੱਚ ਉਸਦਾ ਵਿਆਹ ਕੀਤਾ ਹੈ ਅਤੇ ਸਾਨੂੰ ਉਸਦੇ ਵਿਆਹ ਵਿੱਚ ਭਾਗ ਲੈਂਣ ਦੀ ਦਾਵਤ ਦਿੱਤੀ ਗਈ ਹੈ ।

ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੀ ਖ਼ਿਲਾਫ਼ਤ ਬਾਰੇ ਵੀ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਭਵਿੱਖਬਾਣੀ ਹੈ । ਹਜ਼ਰਤ ਜਾਬਰ ਬਿਨ ਅਬਦੁਲੱਾਹ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਅੱਜ ਦੀ ਰਾਤ ਇਕ ਨੇਕ ਵਿਅਕਤੀ ਨੂੰ ਸੁਪਨੇ ਵਿੱਚ ਦਿਖਾਇਆ ਕਿ ਹਜ਼ਰਤ ਅਬੂ ਬਕਰ ਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਨਾਲ ਜੋੜ ਦਿਤੱਾ ਗਿਆ ਹੈ ਅਤੇ ਹਜ਼ਰਤ ਉਮਰ ਨੂੰ ਹਜ਼ਰਤ ਅਬੂਬਕਰ ਨਾਲ ਅਤੇ ਹਜ਼ਰਤ ਉਸਮਾਨ ਨੂੰ ਹਜ਼ਰਤ ਉਮਰ ਨਾਲ । ਹਜ਼ਰਤ ਜਾਬਰ ਬਿਆਨ ਕਰਦੇ ਹਨ ਕਿ ਨੇਕ ਵਿਅਕਤੀ ਤੋਂ ਭਾਵ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਹਨ ਅਤੇ ਕਈਆਂ ਦਾ ਕਈਆਂ ਨਾਲ ਜੋੜੇ ਜਾਣ ਦਾ ਭਾਵ ਇਹ ਹੈ ਕਿ ਇਹੋ ਲੋਕ ਇਸ ਕੰਮ ਲਈ ਅਰਥਾਤ ਧਰਮ ਦੇ ਵਾਲੀ ਹੋਣਗੇ ਜਿਸ ਨਾਲ ਰੱਬ ਨੇ ਆਪਣੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੂੰ ਪ੍ਰਕਟ ਕੀਤਾ ਹੈ ।

ਹਜ਼ਰਤ ਮੁਸਲਿਹ ਮੌਊਦ ਹਜ਼ਰਤ ਉਮਰ ਦੇ ਦੇਹਾਂਤ ਅਤੇ ਹਜ਼ਰਤ ਉਸਮਾਨ ਦੇ ਖ਼ਲੀਫ਼ਾ ਨਿਯੁਕਤ ਹੋਣ ਬਾਰੇ ਬਿਆਨ ਕਰਦੇ ਹਨ ਕਿ ਹਜ਼ਰਤ ਉਮਰ ਜੱਦ ਜ਼ਖ਼ਮੀ ਹੋਏ ਅਤੇ ਆਪ ਨੇ ਅਨੁਭਵ ਕੀਤਾ ਕਿ ਹੁਣ ਆਪਦਾ ਅੰਤਮ ਸਮਾਂ ਨੇੜੇ ਹੈ ਤਾਂ ਆਪਨੇ ਛੇ ਵਿਅਕਤੀਆਂ ਬਾਰੇ ਵਸੀਯਤ ਕੀਤੀ ਕਿ ਉਹ ਆਪਣੇ ਵਿੱਚੋਂ ਇਕ ਨੂੰ ਖ਼ਲੀਫ਼ਾ ਨਿਯੁਕਤ ਕਰ ਲੈਂਣ । ਉਹ ਛੇ ਵਿਅਕਤੀ ਇਹ ਹਨ, ਹਜ਼ਰਤ ਉਸਮਾਨ, ਹਜ਼ਰਤ ਅਲੀ, ਹਜ਼ਰਤ ਅਬਦੁਰ ਰਹਮਾਨ ਬਿਨ ਔਫ਼, ਹਜ਼ਰਤ ਸਅਦ ਬਿਨ ਵਕਾਸ, ਹਜ਼ਰਤ ਜ਼ੁਬੈਰ ਅਤੇ ਹਜ਼ਰਤ ਤਲਹਾ । ਇਸ ਦੇ ਨਾਲ ਹਜ਼ਰਤ ਅਬਦੁਲੱਾਹ ਬਿਨ ਉਮਰ ਨੂੰ ਵੀ ਆਪ ਨੇ ਇਸ ਮਸ਼ਵਰੇ ਵਿੱਚ ਸ਼ਾਮਲ ਕਰਨ ਲਈ ਨਿਯੁਕਤ ਕੀਤਾ, ਪਰ ਖ਼ਿਲਾਫ਼ਤ ਦਾ ਹਕਦਾਰ ਨਿਯੁਕਤ ਨਹੀਂ ਕੀਤਾ ।

ਹਜ਼ਰਤ ਉਸਮਾਨ ਬਿਨ ਅਫ਼ਾਨ ਦੀ 29 ਜ਼ੁਲਹੱਜਾ ਨੂੰ ਸੋਮਵਾਰ ਦੇ ਦਿਨ ਬੈਅਤ ਕੀਤੀ ਗਈ । ਜੱਦ ਹਜ਼ਰਤ ਉਸਮਾਨ ਖ਼ਲੀਫ਼ਾ ਨਿਯੁਕਤ ਹੋਏ ਤਾਂ ਹਜ਼ਰਤ ਅਬਦੁਲੱਾਹ ਬਿਨ ਮਸਊਦ ਦੇ ਫ਼ਰਮਾਇਆ ਕਿ ਅਸੀਂ ਬਾਕੀ ਰਹਿ ਜਾਣ ਵਾਲਿਆਂ ਵਿੱਚੋਂ ਸਭ ਤੋਂ ਚੰਗੇ ਵਿਕਅਤੀ ਨੂੰ ਨਿਯੁਕਤ ਕੀਤਾ ਹੈ ਅਤੇ ਅਸੀਂ ਇਸ ਚੋਣ ਕੋਈ ਕੁਤਾਹੀ ਨਹੀਂ ਕੀਤੀ ਹੈ ।

ਬਦਰ ਬਿਨ ਉਸਮਾਨ ਆਪਣੇ ਚਾਚਾ ਤੋਂ ਰਿਵਾਇਤ ਕਰਦੇ ਹਨ ਕਿ ਜੱਦ ਸਲਾਹਕਾਰਾਂ ਨੇ ਹਜ਼ਰਤ ਉਸਮਾਨ ਦੀ ਬੈਅਤ ਕਰ ਲਈ ਤਾਂ ਆਪ ਇਸ ਹਾਲ ਵਿੱਚ ਬਾਹਰ ਆਏ ਕਿ ਆਪ ਇਹਨਾ ਸਾਰਿਆਂ ਵੱਧ ਗ਼ਮਗ਼ੀਨ ਸਨ । ਫਿਰ ਆਪ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਮੰਬਰ'ਤੇ ਆਏ ਅਤੇ ਲੋਕਾਂ ਨੂੰ ਸੰਬੋਧਨ ਕੀਤਾ । ਆਪ ਨੇ ਰੱਬ ਦੀ ਸਿਫ਼ਤ ਸਲਾਹ ਵਰਨਣ ਕੀਤੀ ਅਤੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ'ਤੇ ਦੁਰੂਦ ਭੇਜਿਆ, ਫਿਰ ਫ਼ਰਮਾਇਆ, ਨਿਸ਼ਚੇ ਹੀ ਤੁਸੀਂ ਇਕ ਅਜਿਹੇ ਘਰ (ਸੰਸਾਰ) ਵਿੱਚ ਹੋ ਜਿਸਨੂੰ ਛੱਡ ਜਾਣਾ ਹੈ ਅਤੇ ਤੁਸੀਂ ਉਮਰ ਦੇ ਅੰਤਮ ਭਾਗ ਵਿੱਚ ਹੋ ਇਸ ਲਈ ਮੌਤ ਤੋਂ ਪਹਿਲਾਂ ਜਿੰਨ੍ਹੇ ਚੰਗੇ ਕੰਮ ਕਰ ਸਕਦੇ ਹੋ ਕਰ ਲਓ । ਨਿਸ਼ਚੇ ਹੀ ਤੁਸੀਂ ਮੌਤ ਦੇ ਘੇਰੇ ਵਿੱਚ ਹੋ ਅਤੇ ਇਹ ਦੁਸ਼ਮਣ ਸਵੇਰੇ ਜਾਂ ਸ਼ਾਮ ਤੁਹਾਡੇ'ਤੇ ਹਮਲਾ ਆਵਰ ਹੋਣ ਵਾਲਾ ਹੈ, ਖ਼ਬਰਦਾਰ ! ਨਿਸ਼ਚੇ ਹੀ ਇਹ ਸੰਸਾਰ ਮਕਰ ਤੇ ਫ਼ਰੇਬ ਨਾਲ ਭਰਿਆ ਹੋਇਆ ਹੈ। ਸੋ, ਤੁਹਾਨੂੰ ਸੰਸਾਰਕ ਜੀਵਨ ਧੋਖਾ ਨ ਦੇ ਦੇਵੇ ਅਤੇ ਰੱਬ ਬਾਰੇ ਸਖ਼ਤ ਧੋਖੇਬਾਜ਼ ਸ਼ੈਤਾਨ ਤੁਹਾਨੂੰ ਪੂਰਨਤਾ ਧੋਖੇ ਵਿੱਚ ਜਕੜ ਨ ਦੇਵੇ । ਲੰਘੇ ਹੋਏ ਲੋਕਾਂ ਤੋਂ ਨਸੀਹਤ ਹਾਸਲ ਕਰੋ ਅਤੇ ਫਿਰ ਭਰਪੂਰ ਜਤਨ ਕਰੋ ਅਤੇ ਗ਼ਾਫ਼ਲ ਨ ਰਹੋ ਕਿਉਂਕਿ ਰੱਬ ਤੁਹਾਥੋਂ ਗ਼ਾਫ਼ਲ ਨਹੀਂ। ਉਹ ਦੁਨੀਆਦਾਰ ਅਤੇ ਉਹਨਾ ਦੇ ਭਰਾ ਕਿੱਥੇ ਹਨ ਜਿੰਨ੍ਹਾ ਨੇ ਧਰਤੀ ਨੂੰ ਪਾੜਿਆ ਅਤੇ ਉਸ ਨੂੰ ਵਸਾਇਆ ਅਤੇ ਇਕ ਲੰਮਾ ਸਮਾਂ ਇਸ ਤੋਂ ਲਾਭ ਚੁਕੱਦੇ ਰਹੇ ਕੀ ਉਸਨੇ ਇਹਨਾ ਨੂੰ ਕਢੱਕੇ ਬਾਹਰ ਸੁੱਟਿਆ । ਸੋ, ਤੁਸੀਂ ਵੀ ਦੁਨੀਆ ਨੂੰ ਓਥੇ ਸੁੱਟੋ ਜਿੱਥੇ ਰੱਬ ਨੇ ਉਸਨੂੰ ਸੁੱਟਿਆ ਹੋਇਆ ਹੈ ਅਤੇ ਆਖ਼ਰਤ ਨੂੰ ਮੰਗੋ ਅਤੇ ਚੰਗੇ ਅੰਤ ਦੀ ਅਭਿਲਾਖਾ ਕਰੋ ।

ਹਜ਼ਰਤ ਉਸਮਾਨ ਦੇ ਖ਼ਿਲਾਫ਼ਤ ਕਾਲ ਵਿੱਚ ਹੇਠ ਲਿਖੇ ਖੇਤਰਾਂ ਵਿੱਚ ਰੱਬ ਨੇ ਮੁਸਮਾਨਾ ਨੂੰ ਜਿਤੱਾਂ ਪ੍ਰਦਾਨ ਕੀਤੀਆਂ । ਫ਼ਤਹ ਅਫ਼ਰੀਕਾ ਇਹ ਅਲਜਜ਼ਾਇਰ ਅਤੇ ਮਰਾਕਸ਼ ਦੇ ਖੇਤਰ ਹਨ । ਫ਼ਤਹ ਇੰਦਲਸ ਅਰਥਾਤ ਸਪੇਨ, ਫ਼ਤਹ ਕਿਬਰਸ ਅਰਥਾਤ ਸਾਈਪਰਸ, ਫ਼ਤਹ ਤਬਰਿਸਤਾਨ, ਫ਼ਤਹ ਸਵਾਰੀ, ਖ਼ਤਹ ਆਰਮੀਨੀਆ, ਫ਼ਤਹ ਖ਼ੁਰਾਸਾਨ, ਬਲਾਦ ਰੋਮ ਵੱਲ ਪਹਿਲ ਕਦਮੀ, ਤਾਲਕਾਨ, ਖ਼ਰਯਾਬ, ਜੋਜ਼ਅਜਾਨ ਅਤੇ ਤਖ਼ਾਰਸਤਾਨ ਦੀਆਂ ਜਿਤੱਾਂ ਅਤੇ ਬਲਖ਼ ਦੀ ਮੁਹਿਮ । ਇਸ ਤੋਂ ਬਿਨਾ ਇਸ ਗੱਲ ਦਾ ਵਰਨਣ ਮਿਲਦਾ ਹੈ ਕਿ ਹਜ਼ਰਤ ਉਸਾਮਾਨ ਦੇ ਕਾਲ ਵਿੱਚ ਭਾਰਤ ਵਿੱਚ ਵੀ ਇਸਲਾਮ ਪਹੁੰਚ ਗਿਆ ਸੀ ।

ਖੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਵੀ ਮੈਂ ਦੁਆ ਵੱਲ ਧਿਆਨ ਦੁਆਉਂਦਾ ਹਾਂ, ਪਾਕਿਸਤਾਨ ਦੇ ਅਹਮਦੀਆਂ ਲਈ ਦੁਆ ਕਰਦੇ ਰਹੋ, ਅਲੱਾਹ ਤਆਲਾ ਇਹਨਾ ਦੇ ਹਾਲਾਤ ਬਿਹਤਰ ਕਰੇ । ਉਹਨਾ ਨੂੰ ਵੀ ਦੁਆਵਾਂ ਦਾ ਸੰਜੋਗ ਪ੍ਰਦਾਨ ਕਰੇ । ਆਪਣੇ ਸੁਧਾਰ ਦੀ ਵੀ ਤੌਫ਼ੀਕ ਦੇਵੇ । ਰੱਬ ਨਾਲ ਸੰਬੰਧ ਵਧਾਉਂਣ ਦੀ ਵੀ ਤੌਫ਼ੀਕ ਮਿਲੇ ਅਤੇ ਅਲੱਾਹ ਤਆਲਾ ਛੇਤੀ ਇਸ ਹਨ੍ਹੇਰੇ ਦੇ ਦਿਨਾ ਨੂੰ ਦੂਰ ਕਰੇ ਅਤੇ ਚਾਨ੍ਹਣੇ ਵਿੱਚ ਬਦਲ ਦੇਵੇ ਅਤੇ ਅਸੀਂ ਓਥੇ ਅਹਮਦੀਆਂ ਨੂੰ ਵੀ ਅਜ਼ਾਦੀ ਨਾਲ ਆਪਣੇ ਫ਼ਰਜ਼ ਪੂਰੇ ਕਰਦਿਆਂ ਹੋਇਆਂ ਦੇਖੀਏ ।

اَلْحَمْدُلِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ
وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَاللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ
ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 05.02.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)